# ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623006, 2623207, 2620106
ਫੈਕਸ:0172-2624687 ਈ-ਮੇਲ: ictpunjab@yahoo.com

ਵੱਲ

ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿੱ),
ਪੰਜਾਬ।

ਮੀਮੋ ਨੰ:5/8-ICT-2010/SCT/Salary/67215
ਮਿਤੀ: 28-10-2010

**ਵਿਸ਼ਾ: ਪੰਜਾਬ ਸੂਚਨਾ ਅਤੇ ਸੰਚਾਰ ਤਕਨਾਲੋਜੀ ਸਿੱਖਿਆ ਸੋਸਾਇਟੀ ਅਧੀਨ ਕੰਮ ਕਰ ਰਹੇ ਸਬਸਟੀਚਿਊਟ ਕੰਪਿਊਟਰ ਅਧਿਆਪਕਾਂ ਦੀ ਤਨਖਾਹ ਸਬੰਧੀ।**

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸਬਸਟੀਚਿਊਟ ਕੰਪਿਊਟਰ ਅਧਿਆਪਕਾਂ ਦੀਆਂ ਸੇਵਾਵਾਂ ਇਸ ਦਫਤਰ ਦੇ ਪੱਤਰ ਮਿਤੀ 27-04-2010 ਅਨੁਸਾਰ ਖਤਮ ਕੀਤੀਆਂ ਗਇਆਂ ਸਨ ਅਤੇ ਉਸ ਉਪਰੰਤ ਇਸ ਦਫਤਰ ਦੇ ਹੁਕਮ ਮਿਤੀ 22-07-2010 ਅਨੁਸਾਰ ਸੇਵਾਵਾਂ ਖਤਮ ਕਰਨ ਦੇ ਹੁਕਮ ਵਾਪਿਸ ਲਏ ਜਾ ਚੁਕੇ ਹਨ ਅਤੇ ਇਸ ਦੀ ਕਾਰਜ ਬਾਅਦ ਪ੍ਰਵਾਨਗੀ ਪੰਜਾਬ ਮੰਤਰੀ ਪ੍ਰੀਸ਼ਦ ਦੀ ਮਿਤੀ 11-08-2010 ਨੂੰ ਹੋਈ ਮੀਟਿੰਗ ਵਿੱਚ ਦਿੱਤੀ ਜਾ ਚੁੱਕੀ ਹੈ। ਪ੍ਰੰਤੂ ਕਾਫੀ ਸੰਖਿਆ ਵਿੱਚ ਸਬਸਟੀਚਿਊਟ ਕੰਪਿਊਟਰ ਅਧਿਆਪਕ ਮਿਤੀ 01-07-2010 ਤੋਂ ਹੀ ਸਕੂਲ ਵਿੱਚ ਹਾਜਰ ਹੋ ਗਏ ਸਨ।

2. ਇਸ ਸਬੰਧ ਵਿੱਚ ਆਪ ਨੂੰ ਸਪਸ਼ਟ ਕੀਤਾ ਜਾਂਦਾ ਹੈ ਕਿ ਸਬਸਟੀਚਿਊਟ ਕੰਪਿਊਟਰ ਅਧਿਆਪਕਾਂ ਦੀ ਤਨਖਾਹ ਅਤੇ ਈ.ਪੀ.ਐਫ ਵਿੱਚ ਕਟੌਤੀ 01-07-2010 ਜਾਂ ਜਿਸ ਮਿਤੀ ਤੋਂ ਉਹ ਦੋਬਾਰਾ ਸਕੂਲ ਵਿੱਚ ਹਾਜਰ ਹੋਏ ਹਨ ਤਾਂ ਉਸ ਮਿਤੀ ਤੋਂ ਹੀ ਕੀਤੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**